ਸਰੋਤ: *.ਗਦਰ ਡਾਇਰੈਕਟਰੀ 1913–15* ’ਚੋਂ

## ਸੋਹਨ ਲਾਲ ‘ਪਾਠਕ’, ਬ੍ਰਾਹਮਣ, ਸਪੁੱਤਰ ਚੰਦਾ ਰਾਮ, ਵਾਸੀ ਪੱਟੀ, ਜ਼ਿਲ੍ਹਾ ਲਾਹੌਰ

ਪਹਿਲਾਂ ਡੀ.ਏ.ਵੀ ਕਾਲੇਜ ਲਾਹੌਰ ’ਚ ਅਧਿਆਪਕ ਸੀ, ਉਥੋਂ 1910 ’ਚ ਸਿਆਮ ਚਲਾ ਗਿਆ, ਜਿੱਥੇ ਉਹਨੇ ਤਿੰਨ ਸਾਲ ਨਿਕ–ਸੁਕ ਵੇਚਣ ਦਾ ਧੰਦਾ ਕੀਤਾ, ਤੇ ਫਿਰ ਉਹ ਹਾਂਗ ਕਾਂਗ ਵਿਖੇ ਭਾਰਤੀਆਂ ਲਈ ਸਥਾਪਤ ਸਕੂਲ ’ਚ ਅਧਿਆਪਕ ਜਾ ਲੱਗਿਆ। ਮਗਰੋਂ ਉਹ ਮਨੀਲਾ ਹੁੰਦਾ ਹੋਇਆ ਅਮਰੀਕਾ ਪਹੁੰਚ ਗਿਆ, ਜਿੱਥੇ ਉਹਨੇ ਕੋਰਵਾਲਿਸ (Corvallis) ’ਚ ਪੜ੍ਹਾਈ ਸ਼ੁਰੂ ਕਰ ਲਈ, ਪਰ ਅੱਖਾਂ ਦੀ ਬੀਮਾਰੀ ਕਰਕੇ ਵਿਚਾਲੇ ਹੀ ਛੱਡ ਗਿਆ ਸੀ। ਉਹਨੇ 1914 ਦੌਰਾਨ ਵੈਨਕੂਵਰ ਰਹਿੰਦਿਆਂ ਯੂ.ਪੀ. ਦੇ ਅਕਾਲ ਪੀੜਤਾਂ ਲਈ ਫੰਡ ਦੀ ਓਗਰਾਹੀ ’ਚ ਭਾਗ ਲਿਆ। ਸਿੰਗਪੁਰ ਵਿਦਰੋਹ ਵਿੱਚ ਉਹਦੀ ਸ਼ਮੂਲੀਅਤ ਬਾਰੇ ਸ਼ੱਕ ਪੈਦਾ ਹੋਣ ਕਰਕੇ ਉਹ ਸਿਆਮ ਵੱਲ ਨੂੰ ਖਿਸਕ ਗਿਆ। ਪਿਛੋਂ ਉਹ ਬਰਮਾ ਆਇਆ ਤੇ ਮੈਮਿਓ (Maymyo) ਵਿਖੇ ਉਸ ਮੌਕੇ ਫੜ ਲਿਆ ਗਿਆ ਜਦੋਂ ਕਿ ਉਹ 22 ਨੰਬਰ ਤੋਪਖਾਨੇ ਦੀ ਪਲਾਟੂਨ ਵਾਲਿਆਂ ਨਾਲ ਸੰਪਰਕ ਪੈਦਾ ਕਰ ਰਿਹਾ ਸੀ। ਉਹਦੇ ਕੋਲੋਂ 2 ਪਿਸਤਲ ਤੇ ਕੁੱਝ ਗ਼ੈਰ–ਕਾਨੂੰਨੀ ਕਾਗਜ਼ ਵੀ ਬਰਾਮਦ ਹੋਏ ਸਨ। ਉਹ ਆਪਣੇ ਆਪ ਨੂੰ ‘ਬਾਰੂਦ’ ਅਖਵਾਂਦਾ ਸੀ।